# ਹੈਪੇਟਾਈਟਸ ਸੀ ਵਾਇਰਸ
# Hepatitis C Virus

## ਹੈਪੇਟਾਈਟਸ ਸੀ ਵਾਇਰਸ ਕੀ ਹੈ?

ਹੈਪੇਟਾਈਟਸ ਸੀ ਵਾਇਰਸ (HCV) ਇੱਕ ਇਲਾਜਯੋਗ ਵਾਇਰਲ ਲਾਗ ਹੈ ਜੋ ਜਿਗਰ ਵਿਚ ਸੋਜ ਪੈਦਾ ਕਰਦਾ ਹੈ। ਜੇ ਇਸਦਾ ਇਲਾਜ ਨਾ ਕੀਤਾ ਜਾਵੇ, ਤਾਂ ਇਹ ਗੰਭੀਰ ਜਿਗਰ ਦੀ ਬਿਮਾਰੀ, ਸਿਰੋਸਿਸ, ਜਿਗਰ ਦਾ ਕੈਂਸਰ ਅਤੇ ਮੌਤ ਤੱਕ ਵੀ ਵਧ ਸਕਦਾ ਹੈ।

## ਹੈਪੇਟਾਈਟਸ ਸੀ ਵਾਇਰਸ ਕਿਵੇਂ ਫੈਲਦਾ ਹੈ?

HCV ਮੁੱਖ ਤੌਰ 'ਤੇ ਖ਼ੂਨ ਤੋਂ ਖ਼ੂਨ ਦੇ ਸੰਪਰਕ ਰਾਹੀਂ ਫੈਲਦਾ ਹੈ। HCV ਫੈਲਣ ਦੇ ਮੁੱਖ ਤਰੀਕੇ ਹਨ:

- ਨਸ਼ੀਲੇ ਟੀਕੇ ਲਗਾਉਣ ਵਾਲੇ ਉਪਕਰਣ ਜਿਵੇਂ ਕਿ ਸੂਈਆਂ, ਸਰਿੰਜਾਂ, ਸਟਰਾਅ ਅਤੇ ਪਾਈਪਾਂ ਨੂੰ ਸਾਂਝਾ ਕਰਨਾ
- ਟੈਟੂ, ਸਰੀਰ ਨੂੰ ਵਿੰਨ੍ਹਣ, ਐਕਯੂਪੰਕਚਰ ਜਾਂ ਇਲੈਕਟ੍ਰੋਲੀਸਿਸ ਲਈ ਵਰਤੀਆਂ ਜਾਂਦੀਆਂ ਬਿਨ੍ਹਾਂ ਸਟਰਲਾਈਜ਼ਡ ਸਮੱਗਰੀਆਂ ਜਾਂ ਉਪਕਰਣਾਂ ਨੂੰ ਸਾਂਝਾ ਕਰਨਾ
- ਖ਼ੂਨ ਜਾਂ ਖ਼ੂਨ ਦੇ ਉਤਪਾਦ ਚੜ੍ਹਾਉਣ, ਜਾਂ ਉਹਨਾਂ ਦੇਸ਼ਾਂ ਵਿੱਚ ਅੰਗ ਟਰਾਂਸਪਲਾਂਟ ਜਿੱਥੇ ਹੈਪੇਟਾਈਟਸ ਸੀ ਲਈ ਖ਼ੂਨ ਦੀ ਸਪਲਾਈ ਦੀ ਜਾਂਚ ਨਹੀਂ ਕੀਤੀ ਜਾਂਦੀ। ਕੈਨੇਡਾ ਵਿੱਚ, ਇਹ 1992 ਤੋਂ ਪਹਿਲਾਂ ਪ੍ਰਾਪਤ ਹੋਏ ਖ਼ੂਨ ਅਤੇ ਖ਼ੂਨ ਦੇ ਉਤਪਾਦਾਂ 'ਤੇ ਲਾਗੂ ਹੁੰਦਾ ਹੈ
- ਕੰਡੋਮ ਰਹਿਤ ਜਾਂ ਰੱਫ ਸੈਕਸ ਨਾਲ, ਖਾਸ ਤੌਰ 'ਤੇ ਜੇ ਖ਼ੂਨ ਨਾਲ ਸੰਪਰਕ ਹੋਵੇ, ਜਿਵੇਂ ਕਿ ਮਾਹਵਾਰੀ ਦੇ ਖ਼ੂਨ ਨਾਲ, ਖੁੱਲ੍ਹੇ ਜ਼ਖਮ, ਕੱਟ ਜਾਂ ਜ਼ਖ਼ਮ, ਜਾਂ ਖ਼ੂਨ ਵਾਲੇ ਸਰੀਰਕ ਤਰਲ ਦੀ ਮੌਜੂਦਗੀ

HCV ਫੈਲਣ ਦੇ ਹੋਰ ਘੱਟ ਆਮ ਤਰੀਕਿਆਂ ਵਿੱਚ ਸ਼ਾਮਲ ਹਨ :

- ਨਿੱਜੀ ਦੇਖਭਾਲ ਦੀਆਂ ਚੀਜ਼ਾਂ ਨੂੰ ਸਾਂਝਾ ਕਰਨਾ, ਜਿਵੇਂ ਕਿ ਟੂਥਬਰੱਸ਼, ਡੈਂਟਲ ਫਲਾਸ, ਰੇਜ਼ਰ, ਨੇਲ ਫਾਈਲਾਂ ਜਾਂ ਹੋਰ ਚੀਜ਼ਾਂ ਜਿਨ੍ਹਾਂ 'ਤੇ ਥੋੜ੍ਹੀ ਮਾਤਰਾ ਵਿਚ ਖ਼ੂਨ ਲੱਗਿਆ ਹੋ ਸਕਦਾ ਹੈ
- ਇੱਕ ਗਰਭਵਤੀ ਵਿਅਕਤੀ ਤੋਂ ਉਹਨਾਂ ਦੇ ਬੱਚੇ ਤੱਕ, ਗਰਭ ਅਵਸਥਾ ਜਾਂ ਜਨਮ ਦੌਰਾਨ

## ਲੱਛਣ ਕੀ ਹਨ?

ਬਹੁਤੇ ਲੋਕ ਜਿਨ੍ਹਾਂ ਨੂੰ HCV ਹੈ, ਠੀਕ ਮਹਿਸੂਸ ਕਰਦੇ ਹਨ, ਉਹਨਾਂ ਦੇ ਕੋਈ ਲੱਛਣ ਨਹੀਂ ਹੁੰਦੇ ਅਤੇ ਹੋ ਸਕਦਾ ਹੈ ਕਿ ਉਹਨਾਂ ਨੂੰ ਇਹ ਪਤਾ ਨਾ ਹੋਵੇ ਕਿ ਉਹਨਾਂ ਨੂੰ HCV ਹੈ। ਕੁਝ ਲੋਕਾਂ ਨੂੰ HCV ਨਾਲ ਸੰਕਰਮਿਤ ਹੋਣ ਤੋਂ ਲਗਭਗ 6 ਹਫ਼ਤਿਆਂ ਬਾਅਦ ਲੱਛਣਾਂ ਵਾਲੀ ਇੱਕ ਸੰਖੇਪ ਬਿਮਾਰੀ ਹੋ ਸਕਦੀ ਹੈ। ਤੁਸੀਂ HCV ਤੋਂ ਮੁਕਤ ਹੋ ਸਕਦੇ ਹੋ ਅਤੇ ਫਿਰ ਵੀ ਭਵਿੱਖ ਵਿੱਚ ਦੁਬਾਰਾ ਸੰਕਰਮਿਤ ਹੋ ਸਕਦੇ ਹੋ।

ਤੀਬਰ HCV ਦੇ ਸਭ ਤੋਂ ਆਮ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਬੁਖ਼ਾਰ
- ਥਕਾਵਟ
- ਭੁੱਖ ਨਾ ਲੱਗਣਾ
- ਪੇਟ ਦਰਦ
- ਜੋੜਾਂ ਦਾ ਦਰਦ
- ਗਾੜ੍ਹੇ ਰੰਗ ਦਾ ਪਿਸ਼ਾਬ
- ਫਿੱਕੇ ਰੰਗ ਦੀ ਟੱਟੀ
- ਮਤਲੀ ਅਤੇ ਉਲਟੀਆਂ
- ਪੀਲੀਆ (ਪੀਲੀ ਚਮੜੀ ਜਾਂ ਅੱਖਾਂ)

HCV ਨਾਲ ਰਹਿਣ ਵਾਲੇ ਲਗਭਗ 75% ਲੋਕ ਕ੍ਰੋਨਿਕ (ਜੀਵਨ ਭਰ) HCV ਵਿਕਸਿਤ ਕਰਨਗੇ। ਪੁਰਾਣੀ HCV ਵਾਲੇ ਕੁਝ ਲੋਕਾਂ ਨੂੰ ਜਿਗਰ ਦੀ ਮਹੱਤਵਪੂਰਣ ਬਿਮਾਰੀ ਵਿਕਸਿਤ ਹੋ ਜਾਂਦੀ ਹੈ। ਇਸ ਨਾਲ ਜਿਗਰ (ਸਿਰੋਸਿਸ), ਗੁਰਦੇ ਦੀ ਬਿਮਾਰੀ, ਟਾਈਪ 2 ਡਾਇਬਟੀਜ਼, ਜਿਗਰ ਦੀ ਅਸਫਲਤਾ, ਜਿਗਰ ਦਾ ਕੈਂਸਰ ਜਾਂ ਲਿਵਰ ਟ੍ਰਾਂਸਪਲਾਂਟ ਦੀ ਲੋੜ ਹੋ ਸਕਦੀ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਹੈਪੇਟਾਈਟਸ ਸੀ ਹੈ?

ਤੁਹਾਨੂੰ ਬਿਨਾਂ ਲੱਛਣਾਂ ਜਾਂ ਬਿਮਾਰ ਮਹਿਸੂਸ ਕੀਤੇ ਹੈਪੇਟਾਈਟਸ ਸੀ ਕਈ ਸਾਲਾਂ ਤੱਕ ਹੋ ਸਕਦਾ ਹੈ। ਤੁਹਾਨੂੰ ਹੈਪੇਟਾਈਟਸ ਸੀ ਹੈ ਜਾਂ ਨਹੀਂ ਇਹ ਜਾਣਨ ਦਾ ਇੱਕੋ ਇੱਕ ਤਰੀਕਾ ਹੈ ਖ਼ੂਨ ਦੀ ਜਾਂਚ। ਇੱਕ ਪੌਜ਼ਿਟਿਵ HCV ਐਂਟੀਬਾਡੀ ਟੈਸਟ ਦਾ ਮਤਲਬ ਹੈ ਕਿ ਤੁਹਾਨੂੰ ਹੈਪੇਟਾਈਟਸ ਸੀ ਹੈ ਜਾਂ ਸੀ। ਜੇਕਰ ਤੁਹਾਡਾ ਐਂਟੀਬਾਡੀ ਟੈਸਟ ਪੌਜ਼ਿਟਿਵ ਹੈ, ਤਾਂ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਇੱਕ ਰਿਬੋਨਿਊਕਲਿਕ ਐਸਿਡ (RNA) ਟੈਸਟ ਦੀ ਲੋੜ ਹੈ ਕਿ ਕੀ ਤੁਹਾਨੂੰ ਇਸ ਸਮੇਂ HCV ਹੈ।

## ਹੈਪੇਟਾਈਟਸ ਸੀ ਵਾਇਰਸ ਕਿਵੇਂ ਨਹੀਂ ਫੈਲਦਾ ਹੈ?

ਹੈਪੇਟਾਈਟਸ ਸੀ ਛਾਤੀ ਦੇ ਦੁੱਧ, ਆਮ ਸੰਪਰਕ ਜਿਵੇਂ ਕਿ ਜੱਫੀ ਪਾਉਣ, ਚੁੰਮਣ, ਛਿੱਕਣ, ਖੰਘਣ, ਜਾਂ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਨੂੰ ਸਾਂਝਾ ਕਰਨ ਦੁਆਰਾ ਨਹੀਂ ਫੈਲਦਾ।.

HCV ਵਾਲੇ ਵਿਅਕਤੀ ਲਈ ਆਪਣੇ ਬੱਚੇ ਨੂੰ ਛਾਤੀ ਦਾ ਦੁੱਧ ਚੁੰਘਾਉਣਾ ਸੁਰੱਖਿਅਤ ਹੈ, ਜਦੋਂ ਤੱਕ ਕਿ ਨਿੱਪਲ ਜਾਂ ਏਰੀਓਲਾ ਵਿਚ ਚੀਰ ਨਾ ਹੋਵੇ ਅਤੇ ਖ਼ੂਨ ਨਾ ਵਹਿ ਰਿਹਾ ਹੋਵੇ।

## ਮੈਂ HCV ਹੋਣ ਨੂੰ ਕਿਵੇਂ ਰੋਕ ਸਕਦਾ/ਸਕਦੀ ਹਾਂ?

HCV ਲਈ ਕੋਈ ਵੈਕਸੀਨ ਉਪਲਬਧ ਨਹੀਂ ਹੈ।

ਹੈਪੇਟਾਈਟਸ ਸੀ ਦੇ ਫੈਲਾਅ ਨੂੰ ਰੋਕਣ ਲਈ, ਤੁਸੀਂ ਇਹ ਕਰ ਸਕਦੇ ਹੋ:

- ਜੇਕਰ ਤੁਸੀਂ ਆਪਣੇ ਪਿਛਲੇ ਪਰੀਖਣ ਤੋਂ ਬਾਦ ਦੇ 12 ਮਹੀਨਿਆਂ ਵਿੱਚ ਕਿਸੇ ਐਸੇ ਵਿਵਹਾਰ ਵਿੱਚ ਸ਼ਾਮਲ ਹੋਏ ਹੋ ਜੋ HCV ਸੰਚਾਰਨ ਦੇ ਜੋਖਮ ਨੂੰ ਵਧਾਉਂਦਾ ਹੈ ਤਾਂ ਟੈਸਟ ਕਰਵਾਓ
- ਆਪਣੇ ਸਾਥੀ(ਆਂ) ਨਾਲ ਸੁਰੱਖਿਅਤ ਸੈਕਸ ਅਤੇ ਜਿਨਸੀ ਤੌਰ 'ਤੇ ਪ੍ਰਸਾਰਿਤ ਅਤੇ ਖ਼ੂਨ ਨਾਲ ਹੋਣ ਵਾਲੀਆਂ ਲਾਗਾਂ (STBBI) ਲਈ ਟੈਸਟ ਬਾਰੇ ਗੱਲ ਕਰੋ
- ਕੰਡੋਮ ਦੀ ਵਰਤੋਂ ਕਰੋ ਅਤੇ ਕੰਡੋਮ ਦੀ ਸਹੀ ਵਰਤੋਂ ਬਾਰੇ ਜਾਣੋ
- ਨਸ਼ੀਲੇ ਪਦਾਰਥਾਂ ਦਾ ਸਾਜ਼ੋ-ਸਾਮਾਨ ਸਾਂਝਾ ਨਾ ਕਰੋ। ਹਰੇਕ ਵਿਅਕਤੀ ਲਈ ਨਵੇਂ ਅਤੇ ਕੀਟਾਣੂਰਹਿਤ ਉਪਕਰਣ ਦੀ ਵਰਤੋਂ ਕਰੋ
- ਨਿੱਜੀ ਦੇਖਭਾਲ ਵਾਲੀਆਂ ਚੀਜ਼ਾਂ ਨੂੰ ਸਾਂਝਾ ਨਾ ਕਰੋ ਜਿਨ੍ਹਾਂ 'ਤੇ ਖ਼ੂਨ ਲੱਗਿਆ ਹੋਵੇ

## ਜੇ ਮੈਂ ਆਪਣੇ ਲਈ ਵਰਤੀ ਹੋਈ ਸੂਈ ਦਾ ਉਪਯੋਗ ਕੀਤਾ ਹੈ ਤਾ ਮੈਨੂੰ ਕੀ ਕਰਨਾ ਚਾਹੀਦਾ ਹੈ?

ਇਹਨਾਂ ਕਦਮਾਂ ਦੀ ਪਾਲਣਾ ਕਰੋ:

1. ਜੇ ਸੰਭਵ ਹੋਵੇ, ਤਾਂ ਖ਼ੂਨ ਵਹਿਣ ਨੂੰ ਰੋਕਣ ਲਈ ਜ਼ਖ਼ਮੀ ਖੇਤਰ ਨੂੰ ਆਪਣੇ ਦਿਲ ਤੋਂ ਹੇਠਾਂ ਰੱਖੋ
2. ਉਸ ਖੇਤਰ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ
3. ਦੇਖਭਾਲ ਲਈ ਤੁਰੰਤ ਨਜ਼ਦੀਕੀ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ

## ਕੀ ਹੈਪੇਟਾਈਟਸ ਸੀ ਵਾਇਰਸ ਦਾ ਇਲਾਜ ਕੀਤਾ ਜਾ ਸਕਦਾ ਹੈ?

ਹਾਂ। ਹੈਪੇਟਾਈਟਸ ਸੀ ਇਲਾਜਯੋਗ ਹੈ। HCV ਨਾਲ ਰਹਿ ਰਹੇ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਬੀ ਸੀ ਫਾਰਮਾਕੇਅਰ ਦੁਆਰਾ ਬਹੁਤ ਪ੍ਰਭਾਵਸ਼ਾਲੀ, ਡਾਇਰੈਕਟ-ਐਕਟਿੰਗ ਐਂਟੀਵਾਇਰਲ ਇਲਾਜ (DAAs) ਉਪਲਬਧ ਹਨ।

DAAs HCV ਵਾਲੇ 95% ਤੋਂ ਵੱਧ ਲੋਕਾਂ ਦਾ ਉਪਚਾਰ ਕਰ ਸਕਦੇ ਹਨ। DAA ਕੁਝ ਮਾੜੇ ਪ੍ਰਭਾਵਾਂ ਦੇ ਨਾਲ ਚੰਗੀ ਤਰ੍ਹਾਂ ਬਰਦਾਸ਼ਤ ਕੀਤੇ ਜਾਂਦੇ ਹਨ ਅਤੇ ਪੁਰਾਣੀਆਂ ਦਵਾਈਆਂ (ਕੋਈ ਟੀਕੇ ਨਹੀਂ) ਨਾਲੋਂ ਲੈਣਾ ਆਸਾਨ ਹੁੰਦਾ ਹੈ। 8 ਤੋਂ 12 ਹਫ਼ਤਿਆਂ ਵਿੱਚ, ਜ਼ਿਆਦਾਤਰ ਮਰੀਜ਼ HCV ਤੋਂ ਠੀਕ ਹੋ ਜਾਂਦੇ ਹਨ।

ਜੇਕਰ ਤੁਹਾਨੂੰ ਪੁਰਾਣੀ HCV ਹੈ, ਤਾਂ ਤੁਹਾਨੂੰ ਨਿਯਮਿਤ ਤੌਰ 'ਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਣਾ ਚਾਹੀਦਾ ਹੈ। ਇਹਨਾਂ ਮੁਲਾਕਾਤਾਂ ਦੌਰਾਨ, ਇਹ ਦੇਖਣ ਲਈ ਤੁਹਾਡੀ ਸਰੀਰਕ ਜਾਂਚ ਅਤੇ ਹੋਰ ਟੈਸਟ ਹੋ ਸਕਦੇ ਹਨ ਕਿ ਤੁਹਾਡਾ ਜਿਗਰ ਕਿਵੇਂ ਕੰਮ ਕਰ ਰਿਹਾ ਹੈ। ਤੁਹਾਨੂੰ ਅਗਲੇਰੀ ਜਾਂਚ ਲਈ ਕਿਸੇ ਮਾਹਰ ਕੋਲ ਵੀ ਭੇਜਿਆ ਜਾ ਸਕਦਾ ਹੈ। ਸ਼ੁਰੂਆਤੀ ਇਲਾਜ ਲਾਗ ਨੂੰ ਬਹੁਤ ਗੰਭੀਰ ਜਿਗਰ ਦੀ ਬਿਮਾਰੀ ਬਣਨ ਤੋਂ ਰੋਕ ਸਕਦਾ ਹੈ।

ਜਿਗਰ ਦੀ ਬਿਮਾਰੀ ਨੂੰ ਹੋਰ ਰੋਕਣ ਲਈ, ਤੁਹਾਨੂੰ ਅਲਕੋਹਲ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ ਅਤੇ ਹੋਰ ਇਨਫੈਕਸ਼ਨਾਂ ਤੋਂ ਬਚਣ ਲਈ ਕਦਮ ਚੁੱਕਣੇ ਚਾਹੀਦੇ ਹਨ ਜੋ ਜਿਗਰ ਨੂੰ ਪ੍ਰਭਾਵਿਤ ਕਰ ਸਕਦੇ ਹਨ (ਉਦਾਹਰਨ ਲਈ, ਹਿਊਮਨ ਇਮਯੂਨੋਡਫੀਸ਼ੀਐਂਸੀ ਵਾਇਰਸ (HIV), ਹੈਪੇਟਾਈਟਸ ਬੀ ਅਤੇ ਹੈਪੇਟਾਈਟਸ ਏ)।

## ਜੇਕਰ ਮੈਨੂੰ ਹੈਪੇਟਾਈਟਸ ਸੀ ਹੈ, ਤਾਂ ਕੀ ਮੈਨੂੰ ਹੋਰ ਬਿਮਾਰੀਆਂ ਲਈ ਟੀਕੇ ਲਗਵਾਉਣੇ ਚਾਹੀਦੇ ਹਨ?

ਹਾਂ। ਜੇਕਰ ਤੁਹਾਨੂੰ ਹੈਪੇਟਾਈਟਿਸ ਸੀ ਹੈ ਤਾਂ ਤੁਸੀਂ ਹੋਰ ਕਿਸਮ ਦੇ ਹੈਪੇਟਾਈਟਸ ਵਾਇਰਸ ਨਾਲ ਵੀ ਸੰਕਰਮਿਤ ਹੋ ਸਕਦੇ ਹੋ। ਜੇਕਰ ਤੁਸੀਂ ਹੈਪੇਟਾਈਟਸ ਸੀ ਨਾਲ ਰਹਿ ਰਹੇ ਹੋ, ਤਾਂ ਤੁਹਾਨੂੰ ਹੈਪੇਟਾਈਟਸ ਏ, ਹੈਪੇਟਾਈਟਸ ਬੀ, ਨਿਉਮੋਕੋਕਲ ਬਿਮਾਰੀ ਅਤੇ ਫਲੂ ਦੇ ਵਿਰੁੱਧ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ। ਜੇਕਰ ਤੁਹਾਨੂੰ HCV ਹੈ, ਤਾਂ ਤੁਸੀਂ ਇਹ ਟੀਕੇ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਸਿਹਤ ਸੰਭਾਲ ਪ੍ਰਦਾਤਾ ਤੋਂ ਮੁਫਤ ਲੈ ਸਕਦੇ ਹੋ

ਹੋਰ ਜਾਣਕਾਰੀ ਲਈ।

## ਵਧੇਰੇ ਜਾਣਕਾਰੀ ਲਈ

ਵਧੇਰੇ ਜਾਣਕਾਰੀ ਲਈ ਹੇਠ ਲਿਖੀਆਂ HealthLinkBC ਫਾਈਲਾਂ ਦੇਖੋ:

- HealthLinkBC File #12d ਇੰਨਐਕਟੀਵੇਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ
- HealthLinkBC File #25a ਹੈਪੇਟਾਈਟਸ ਬੀ ਵੈਕਸੀਨ
- HealthLinkBC File #33 ਹੈਪੇਟਾਈਟਸ ਏ ਵੈਕਸੀਨ
- HealthLinkBC File #40b ਹੈਪੇਟਾਈਟਸ ਸੀ ਵਾਇਰਸ ਵਿਗਾੜ ਦੇ ਨਾਲ ਚੰਗਾ ਜੀਵਨ ਬਿਤਾਉਣਾ
- HealthLinkBC File #62b ਨਿਯੂਮੋਕੋਕਲ ਕੌਨਜੁਗੇਟ (ਪੀਸੀਵੀ 13) ਵੈਕਸੀਨ

ਹੈਪੇਟਾਈਟਸ ਸੀ ਬਾਰੇ ਹੋਰ ਜਾਣਕਾਰੀ ਲਈ:

- Hepatitis Education Canada
- SmartSex Resource – Hepatitis C
- CATIE – Hepatitis C Basics
- Government of Canada – Hepatitis C: Prevention and risks

HCV ਲਈ ਕਿਸਦਾ ਟੈਸਟ ਕੀਤਾ ਜਾਣਾ ਚਾਹੀਦਾ ਹੈ ਇਸ ਬਾਰੇ ਹੋਰ ਜਾਣਕਾਰੀ ਲਈ ਹੈਪੇਟਾਈਟਸ ਸੀ: ਕੀ ਤੁਹਾਡਾ ਟੈਸਟ ਕੀਤਾ ਗਿਆ ਹੈ? 'ਤੇ ਜਾਓ।

BC Centre for Disease Control
Provincial Health Services Authority